Tender Heart High School Sec-33 B Chd Class-X

Topic: ਇਕਾਂਗੀ 'ਫੁੱਲਾਂ ਨੂੰ ਕਿਤਾਬਾਂ ਵਿੱਚ ਨਾ ਰੱਖੋ'

Assignment no-(12) By Ramandeep Kaur

ਨੋਟ ਵਿਦਿਆਰਥੀ ਇਕਾਂਗੀ ਨੂੰ ਧਿਆਨ ਨਾਲ ਪੜ੍ਹਨਗੇ ਅਤੇ ਇਸ ਨੂੰ ਚੰਗੀ ਤਰ੍ਹਾਂ ਸਮਝਣ ਦਾ ਯਤਨ ਕਰਨਗੇ। ਪਾਲੀ ਭੁਪਿੰਦਰ ਸਿੰਘ ਨੇ ਆਪਣੀ ਇਸ ਰਚਨਾ ਰਾਹੀਂ ਬੱਚਿਆਂ ਦੀ ਮਾਨਸਿਕਤਾ ਤੇ ਚਾਨਣ ਪਾਇਆ ਹੈ। ਅਸਲ ਵਿੱਚ ਬੱਚੇ ਕੀ ਚਾਹੁੰਦੇ ਹਨ ਅਤੇ ਮਾਤਾ-ਪਿਤਾ ਉਹਨਾਂ ਤੇ ਕੀ ਸੋਚਦੇ ਹਨ। ਅੱਜ ਅਸੀਂ ਇਕਾਂਗੀ ਦੇ ਖਾਸ ਪਹਿਲੂਆਂ ਬਾਰੇ ਚਰਚਾ ਕਰਾਂਗੇ।

ਇਕਾਂਗੀ ਦੁਆਰਾ ਲੇਖਕ ਸਮਾਜ ਵਿੱਚ ਕੀ ਸੁਧਾਰ ਚਾਹੁੰਦਾ ਹੈ ਅਤੇ ਬੱਚਿਆਂ ਦੇ ਭਵਿੱਖ ਦਾ ਚਿੰਤਨ ਕਰਦਾ ਨਜ਼ਰ ਆਉਂਦਾ ਹੈ।

ਕੁਝ ਖਾਸ ਪਹਿਲੂ

ਬੱਚਿਆਂ ਦੀ ਮਾਨਸਿਕਤਾ - ਇਕਾਂਗੀ ਦੇ ਸ਼ੁਰੂ ਤੋਂ ਲੈ ਕੇ ਅੰਤ ਤੱਕ ਬੱਚਿਆਂ ਦੀ ਮਾਨਸਿਕਤਾ ਬਾਰੇ ਵਿਚਾਰਿਆ ਗਿਆ ਹੈ। ਉਹ ਕੀ ਸੋਚਦੇ ਹਨ, ਉਹ ਤੰਦਰੁਸਤ ਕਿਵੇਂ ਰਹਿ ਸਕਦੇ ਹਨ। ਉਹਨਾਂ ਦੀ ਪੜ੍ਹਾਈ ਕਿਸ ਤਰ੍ਹਾਂ ਦੀ ਹੋਣੀ ਚਾਹੀਦੀ ਹੈ। ਉਹਨਾਂ ਦੇ ਮਨ ਉੱਪਰ ਕਿਸ ਚੀਜ਼ ਦਾ ਬੋਝ ਹੈ। ਉਹ ਕੀ ਕਰਨਾ ਚਾਹੁੰਦੇ ਹਨ ਅਤੇ ਉਹਨਾਂ ਤੋਂ ਜਬਰਦਸਤੀ ਕੀ ਕਰਵਾਇਆ ਜਾ ਰਿਹਾ ਹੈ। ਉਹਨਾਂ ਤੇ ਕੀ ਬੀਤਦੀ ਹੈ ਉਹ ਕੋਈ ਮਾਤਾ-ਪਿਤਾ ਨਹੀਂ ਸੋਚਦਾ।

ਪੜ੍ਹਾਈ ਦਾ ਬੋਝ - ਬੱਚੇ ਪੜ੍ਹਾਈ ਨੂੰ ਬੋਝ ਸਮਝਦੇ ਹਨ ਕਿਉਂ ਕਿ ਉਹ ਆਪਣੀ ਇੱਛਾ ਅਨੁਸਾਰ ਨਹੀਂ ਪੜ੍ਹ ਰਹੇ ਸਗੋਂ ਮਾਤਾ-ਪਿਤਾ ਦੇ ਦਬਾਅ ਹੇਠ ਉਹਨਾਂ ਨੂੰ ਪੜ੍ਹਨਾ ਪੈਂਦਾ ਹੈ। ਸਕੂਲਾਂ ਨੂੰ ਵੀ ਹਦਾਇਤਾਂ ਮਾਤਾ-ਪਿਤਾ ਵੱਲੋਂ ਹੀ ਦਿੱਤੀਆਂ ਜਾਂਦੀਆਂ ਹਨ ਕਿ ਵੱਧ ਤੋਂ ਵੱਧ ਸਾਡੇ ਬੱਚਿਆਂ ਨੂੰ ਪੜ੍ਹਾਓ ਅਤੇ ਇਹਨਾਂ ਨੂੰ ਉਚੇਰੀ ਸਿੱਖਿਆ ਲਈ ਤਿਆਰ ਕਰੋ।

Assignment no-(12) By Ramandeep Kaur Class-X

Topic: ਇਕਾਂਗੀ 'ਫੁੱਲਾਂ ਨੂੰ ਕਿਤਾਬਾਂ ਵਿੱਚ ਨਾ ਰੱਖੋ'

ਬਸਤਾਵਾਦ ਦਾ ਵਿਰੋਧ – ਬੱਚਿਆਂ ਨੂੰ ਬਸਤੇ ਦਾ ਬੋਝ ਮਨ ਤੇ ਵੀ ਹੈ ਅਤੇ ਸ਼ਰੀਰ ਤੇ ਵੀ ਹੈ। ਪਹਿਲਾਂ ਬਸਤੇ ਦਾ ਬੋਝ ਮੋਢੇ ਸਹਿੰਦੇ ਹਨ ਅਤੇ ਫਿਰ ਉਹਨਾਂ ਸਾਰਿਆਂ ਵਿਸ਼ਿਆਂ ਦਾ ਕੰਮ ਉਹਨਾਂ ਦੀ ਮਾਨਸਿਕਤਾ ਨੂੰ ਦਲਣ ਦੀ ਹੈ। ਬੱਚੇ ਚਾਹੁੰਦੇ ਹਨ ਕਿ ਇਸ ਬੋਝ ਨੂੰ ਘੱਟ ਕੀਤਾ ਜਾਵੇ।

ਸ਼ਰੀਰਕ ਵਿਕਾਸ ਦੀ ਕਮੀ – ਬੱਚਿਆਂ ਦੇ ਸ਼ਰੀਰਕ ਵਿਕਾਸ ਵਿੱਚ ਗਿਰਾਵਟ ਦਾ ਕਾਰਣ ਸਾਰਾ ਸਮਾਂ ਪੜ੍ਹਾਈ ਦੇ ਬੋਝ ਨਾਲ ਦਬੇ ਰਹਿਣਾ। ਪਹਿਲਾਂ ਸਕੂਲ, ਆਕੇ ਹੋਮਵਰਕ ਕਰੋ ਅਤੇ ਫਿਰ ਟਿਊਸ਼ਨ ਵੀ ਪੜ੍ਹਕੇ ਆਓ। ਖੇਡਣਾ - ਕੁੱਦਣਾ ਕਿਧਰੇ ਭੁੱਲੇ। ਉਹਨਾਂ ਦੇ ਮਾਨਸਿਕ ਵਿਕਾਸ ਦੇ ਨਾਲ-ਨਾਲ ਸ਼ਰੀਰਕ ਵਿਕਾਸ ਹੋਣਾ ਜ਼ਰੂਰੀ ਹੈ। ਤੰਦਰੁਸਤ ਸ਼ਰੀਰ ਵਿੱਚ ਹੀ ਤੰਦਰੁਸਤ ਮਨ ਨਿਵਾਸ ਕਰਦਾ ਹੈ।

ਬੱਚਿਆਂ ਦੀ ਕਲਪਨਾ – ਇਸ ਇਕਾਂਗੀ ਵਿੱਚ ਬੱਚਿਆਂ ਦੀ ਕਲਪਨਾ ਨੂੰ ਸੁੱਚਜੇ ਢੰਗ ਨਾਲ ਦਰਸਾਇਆ ਹੈ। ਉਹ ਆਪਣੇ ਮਨ ਦੀ ਗਲ ਆਪਣੇ ਸੁਪਨਿਆਂ ਰਾਹੀਂ ਦਸਦੇ ਹਨ। ਜਿਵੇਂ ਨਿੱਕੀ ਕਹਾਣੀ ਸੁਣਾਉਂਦੀ ਹੋਈ ਸੁਪਨੇ ਵਿੱਚ ਪਹੁੰਚਦੀ ਹੈ ਸਭ ਨੂੰ ਪ੍ਰਸ਼ਨ ਕਰਦੀ ਹੈ ਮਾਤਾ-ਪਿਤਾ, ਅਧਿਆਪਕ, ਪ੍ਰਿੰਸੀਪਲ, ਮੰਤਰੀ ਅਤੇ ਬੱਚਿਆਂ ਕੀ ਚਾਹੁੰਦੇ ਹਨ ਉਹ ਦਸਦੀ ਹੈ। ਪਰ ਉਹ ਸਿਰਫ ਉਸਦਾ ਸੁਪਨਾ ਹੀ ਰਹਿ ਜਾਂਦਾ ਹੈ ਜਦੋਂ ਉਸਦੀ ਮਾਤਾ ਜੀ ਆ ਕੇ ਉਸਨੂੰ ਗੁੱਸੇ ਨਾਲ ਜਗਾਉਂਦੀ ਹੈ।

ਸਿੱਖਿਆ ਪ੍ਰਣਾਲੀ ਵਿੱਚ ਸੁਧਾਰ – ਸਾਡੀ ਸਿੱਖਿਆ ਪ੍ਰਣਾਲੀ ਵਿੱਚ ਸੁਧਾਰ ਦੀ ਵਧੇਰੇ ਲੋੜ ਹੈ। ਇਸ ਵਿੱਚ ਸਲੇਬਸ ਦਾ ਬੋਝ ਜ਼ਿਆਦਾ ਹੈ ਕਿੱਤਾ-ਮੁਖੀ ਕੋਰਸ ਘੱਟ ਹੈ। ਜਿਸ ਕਰਕੇ ਬੱਚਿਆਂ ਦਾ ਭਵਿੱਖ ਉਲਝਿਆ ਹੋਇਆ ਹੈ। ਬੱਚਿਆਂ ਨੂੰ ਉਹ ਵਿਸ਼ੇ ਪੜ੍ਹਾਏ ਜਾਣ ਜਿਹਨਾਂ ਵਿੱਚ ਉਹ ਰੁਚੀ ਰਖਦੇ ਹੋਣ ਤਾਂ ਨਤੀਜਾ ਵੀ ਚੰਗਾ ਆਵੇਗਾ।

Assignment no - (12) By Ramandeep Kaur Class-X

Topic: ਇਕਾਂਗੀ 'ਫੁੱਲਾਂ ਨੂੰ ਕਿਤਾਬਾਂ ਵਿੱਚ ਨਾ ਰੱਖੋ'

'ਕੁੱਟ ਕੇ ਖੀਰ ਖੁਆਉਣ' ਨਾਲ ਕੋਈ ਲਾਭ ਨਹੀਂ ਹੋਣਾ। ਕਈ ਵਿਸ਼ੇ ਅਜਿਹੇ ਹਨ ਜੋ ਸਾਰਿਆਂ ਦੀ ਸਮਝ ਵਿੱਚ ਨਹੀਂ ਆ ਸਕਦੇ ਪਰ ਅਜਿਹਾ ਪੜ੍ਹਾਓ ਕਿ ਉਹ ਆਪਣੇ ਪੈਰਾਂ ਤੇ ਖੜ੍ਹੇ ਹੋ ਸਕਣ ਅਤੇ ਮਾਤਾ-ਪਿਤਾ ਦੀ ਚਿੰਤਾ ਮੁੱਕੇ ਅਤੇ ਬੱਚੇ ਵੀ ਚਾਅ ਨਾਲ ਉਸਨੂੰ ਪੂਰਾ ਕਰਨ, ਬੋਝ ਨਾ ਸਮਝਣ।

ਸੋਚ ਦਾ ਬਦਲਾਵ - ਅਜੋਕੀ ਸੋਚ ਨੂੰ ਬਦਲਣਾ ਬਹੁਤ ਜ਼ਰੂਰੀ ਹੈ। ਨੰਬਰਾਂ ਦੀ ਹੋੜ ਸਿੱਖਿਆ ਮਾਨਸਿਕਤਾ ਤੇ ਅਸਰ ਪਾਉਂਦੀ ਹੈ। ਇਸਦੇ ਸ਼ਿਕਾਰ ਸਮਾਜ, ਬੱਚੇ, ਮਾਤਾ-ਪਿਤਾ, ਅਧਿਆਪਕ ਸਭ ਹੁੰਦੇ ਹੈ। ਪਰ ਸਭ ਤੋਂ ਵਧੇਰੇ ਭਾਰ ਬੱਚਿਆਂ ਦੇ ਮਨ ਤੇ ਪੈਂਦਾ ਹੈ। ਮਾਤਾ-ਪਿਤਾ ਚਾਹੁੰਦੇ ਹਨ ਸਾਡੇ ਬੱਚੇ ਦਾ ਵੱਧ ਨੰਬਰ ਆਉਣ ਤੇ ਇਸਦਾ ਭਵਿੱਖ ਸੁਧਰ ਜਾਵੇਗਾ। ਅਧਿਆਪਕ ਵੀ ਚੰਗੇ ਨਤੀਜੇ ਵਾਸਤੇ ਮਿਹਨਤ ਕਰਵਾਉਂਦੇ ਹਨ। ਪਰ ਬੱਚੇ ਦੀ ਮਾਨਸਿਕਤਾ ਨੂੰ ਸਮਝੋ ਅਤੇ ਜੋ ਕੁਝ ਸੌਖਿਆਂ ਕਰ ਸਕਦਾ ਹੈ ਉਸਨੂੰ ਆਪਣੀ ਮਰਜ਼ੀ ਨਾਲ ਕਰਨ ਦਿਓ। ਅਜਿਹਾ ਵਾਤਾਵਰਨ ਸਿਰਜੋ ਕਿ ਬੱਚੇ ਨੂੰ ਕੁਝ ਬੋਝ ਮਹਿਸੂਸ ਨਾ ਹੋਵੇ ਉਹ ਖੁਸ਼ੀ-ਖੁਸ਼ੀ ਆਪਣਾ ਕੰਮ ਨੇਪਰੇ ਚਾੜ੍ਹੇ। ਆਪਣੀਆਂ ਖਾਮੀਆਂ ਦੀ ਪੂਰਤੀ ਬੱਚਿਆਂ ਤੋਂ ਜ਼ਬਰਦਸਤੀ ਨਾ ਕਰਵਾਓ। ਜਿਨ੍ਹਾਂ ਕੋਮਲ ਫੁੱਲਾਂ ਨੂੰ ਤੋੜ ਕੇ ਕਿਤਾਬਾਂ ਵਿੱਚ ਰੱਖੋਗੇ ਤਾਂ ਮੁਰਝਾ ਹੀ ਜਾਣਗੇ।

Homework: ਵਿਦਿਆਰਥੀ ਅਭਿਆਸ ਪੁਸਤਕ ਦੇ ਪੰਨਾ-ਨੰਬਰ (175) ਪ੍ਰਸ਼ਨ 3 (i, ii, iii, iv) ਹੱਲ ਕਰਨ ਦਾ ਯਤਨ ਕਰਨਗੇ।

Punjabi Lang: (1) ਤੁਹਾਡਾ ਸਾਈਕਲ ਗੁਆਚ ਗਿਆ ਹੈ। ਸਾਈਕਲ ਦਾ ਵੇਰਵਾ ਦਿੰਦੇ ਹੋਏ ਨੇੜੇ ਦੇ ਥਾਣੇ ਵਿੱਚ ਰਿਪੋਰਟ ਦਰਜ ਕਰਾਉਣ ਲਈ ਬੇਨਤੀ ਪੱਤਰ ਲਿਖੋ। (2) 'ਸਮੇਂ ਦੀ ਕਦਰ' ਬਾਰੇ 250 ਸ਼ਬਦਾਂ ਦਾ ਲੇਖ ਲਿਖੋ।

Tender Heart Highschool Sec-33 B Chd. Class-X

Topic 'ਫੁੱਲਾਂ ਨੂੰ ਕਿਤਾਬਾਂ ਵਿੱਚ ਨਾ ਰੱਖੋ' Pbi. Lit. Date 4.12.23

Solution of Assignment no-(11) By Ramandeep kaur

ਨੋਟ ਵਿਦਿਆਰਥੀ ਸਾਰ ਦੇ ਅਧਾਰ ਤੇ ਪ੍ਰਸ਼ਨਾਂ ਦੇ ਹਲ ਲਿਖਣ ਦਾ ਯਤਨ ਕਰਨਗੇ ਅਤੇ ਫਿਰ ਹੇਠਾਂ ਦਿੱਤੇ ਉੱਤਰਾਂ ਨਾਲ ਮੇਲ ਕੇ ਵੇਖਣਗੇ।

ਅਭਿਆਸ ਪੁਸਤਕ ਪੰਨਾ ਨੰਬਰ (174) ਪ੍ਰਸ਼ਨ 2 (i, ii, iii, iv)

ਉੱਤਰ (i) ਉਪਰੋਕਤ ਸਤਰਾਂ ਬੱਚਿਆਂ ਦੀ ਮਾਨਸਿਕਤਾ ਨੂੰ ਦਰਸਾਉਂਦੀਆਂ ਹਨ। ਉਹ ਭਾਰੀ-ਭਾਰੀ ਬਸਤਿਆਂ ਦੇ ਵਿਰੋਧ ਵਿੱਚ ਆਪਣੇ ਵਿਚਾਰ ਪੇਸ਼ ਕਰ ਰਹੇ ਹਨ ਅਤੇ ਕਹਿੰਦੇ ਇਹਨਾਂ ਦਾ ਬੋਝ ਹੁਣ ਹੋਰ ਨਹੀਂ ਚੁੱਕਿਆ ਜਾਂਦਾ। ਇਹ ਸਾਡੇ ਤੇ ਜ਼ੁਲਮ ਹੈ।

(ii) ਇਸ ਤੋਂ ਸਾਡੀ ਕਮਜ਼ੋਰ ਸਿੱਖਿਆ-ਪ੍ਰਣਾਲੀ ਦੀ ਤਸਵੀਰ ਨਜ਼ਰ ਆਉਂਦੀ ਹੈ। ਸਾਰਾ ਬੋਝ ਬੱਚਿਆਂ ਦੇ ਮੋਢਿਆਂ ਤੇ ਹੈ ਜਾਂ ਹੋਮਵਰਕ ਅਤੇ ਸਲੇਬਸ ਦਾ ਭਾਰ ਉਹਨਾਂ ਦੇ ਮਨਾ ਤੇ ਹੈ। ਉਹਨਾਂ ਦੇ ਭਵਿੱਖ ਵਿੱਚ ਕੀ ਹੋਣਾ ਹੈ, ਉਹਨਾਂ ਕਿਸ ਪਾਸੇ ਚਲ ਜਾਣਾ ਹੈ ਕੁਝ ਪਤਾ ਨਹੀਂ। ਕਿੱਤਾ-ਮੁੱਖੀ ਸਿੱਖਿਆ ਦਾ ਸਹੀ ਪ੍ਰਬੰਧ ਨਹੀਂ ਹੈ।

(iii) ਜੋਡੀ ਇਸ ਕਵਿਤਾ ਵਿੱਚ ਵਿਸ਼ੇਸ਼ ਭੂਮਿਕਾ ਨਿਭਾਉਂਦਾ ਹੈ। ਉਹ ਬੇਫਿਕਰ ਅਤੇ ਖੁਸ਼ਦਿਲ ਇਨਸਾਨ ਹੈ। ਉਸਨੂੰ ਪੜ੍ਹਾਈ ਦੀ ਕੋਈ ਚਿੰਤਾ ਨਹੀਂ ਹੈ, ਉਸਦੇ ਮਾਤਾ-ਪਿਤਾ ਵੀ ਉਸਨੂੰ ਪੜ੍ਹਨ ਵਾਸਤੇ ਮਜਬੂਰ ਨਹੀਂ ਕਰਦੇ। ਉਸਦਾ ਵਿਚਾਰ ਹੈ ਕਿ ਪੜ੍ਹਨਾ ਲਿਖਣਾ ਬਾਅਦ ਵਿੱਚ ਪਹਿਲਾਂ ਸਿਹਤ ਜ਼ਰੂਰੀ। ਉਹ ਕਹਿੰਦਾ ਹੈ ਜੇ ਪੜ੍ਹਿਆ ਨਾ ਤਾਂ ਰਾਜਨੀਤੀ ਕਰ ਲਵਾਂ ਗਾ। ਉਹ ਖੁੱਲ੍ਹੇ-ਡੁੱਲ੍ਹੇ ਸੁਭਾਅ ਦਾ ਸਿਹਤਮੰਦ ਬੱਚਾ ਹੈ।

(iv) ਇਸ ਤੋਂ ਬਾਅਦ ਬੱਚੇ ਬਸਤੇ ਦੇ ਖਿਲਾਫ ਬੋਲਦੇ ਹਨ ਅਤੇ ਇਹ ਵੀ ਵਿਚਾਰਦੇ ਹਨ ਕਿ ਜੇ ਅਸੀਂ ਸਕੂਲ ਨਹੀਂ ਜਾਵਾਂਗੇ ਤਾਂ ਆਪਣਾ ਭਵਿੱਖ ਖਰਾਬ ਕਰਾਂਗੇ। ਕੋਈ ਸਬਜ਼ੀ ਵੇਚੇਗਾ ਅਤੇ ਕਿਸੇ ਨੂੰ ਭਾਂਡੇ ਮਾਂਜਣੇ ਪੈਣਗੇ। ਸਾਨੂੰ ਆਪਣੇ ਸਕੂਲ ਦਾ ਕੰਮ ਕਰਨਾ ਹੀ ਪੈਣਾ ਹੈ। ਇਹ ਸਾਡੀ ਕਿਸਮਤ ਵਿੱਚ ਲਿਖਿਆ ਹੈ।

Tender Heart High school Sec-33 B Chd. Class-X

Topic ਇਕਾਂਗੀ 'ਫੁੱਲਾਂ ਨੂੰ ਕਿਤਾਬਾਂ ਵਿੱਚ ਨਾ ਰੱਖੋ' Date 4·12·23

Solution of Assignment no-(12) By Ramandeep Kaur

ਅਭਿਆਸ ਪੁਸਤਕ ਪੰਨਾ ਨੰਬਰ – (175)

ਪ੍ਰਸ਼ਨ – 3 (i, ii, iii, iv)

ਉੱਤਰ (i) ਪ੍ਰਿੰਸੀਪਲ ਨੇ ਇਹ ਸ਼ਬਦ ਨੀਲਪਰੀ (ਨਿੱਕੀ) ਦੇ ਜੁਆਬ ਵਿੱਚ ਕਹੇ। ਜਦੋਂ ਸਾਥਿਆਂ ਅਤੇ ਅਧਿਆਪਕਾਂ ਤੋਂ ਬਾਅਦ ਪ੍ਰਿੰਸੀਪਲ ਨੂੰ ਪੁੱਛਿਆ ਗਿਆ ਕਿ ਤੁਸੀਂ ਬੱਚਿਆਂ ਤੇ ਸਲੇਬਸ ਅਤੇ ਬਸਤੇ ਦਾ ਬੋਝ ਕਿਉਂ ਪਾਇਆ ਹੈ ਤਾਂ ਆਪਣੀ ਸਫਾਈ ਵਿੱਚ ਉਹ ਕਹਿੰਦੇ ਹਨ।

ਉੱਤਰ (ii) ਅਸੀਂ ਕੁੱਝ ਹਦ ਤੱਕ ਉਹਨਾਂ ਦੀਆਂ ਗੱਲਾਂ ਨਾਲ ਸਹਿਮਤ ਹਾਂ। ਬੱਚਿਆਂ ਨੂੰ ਵੱਧ ਪੜਾਉਣਾ, ਵਧੇਰੇ ਹੋਮਵਰਕ ਦੇਣਾ, ਕੰਪੀਟੀਸ਼ਨ ਵਾਸਤੇ ਤਿਆਰ ਕਰਨਾ, ਉਹ ਵਧੇਰੇ ਖੇਡ ਕੇ ਆਪਣਾ ਭਵਿੱਖ ਖਰਾਬ ਕਰਨਗੇ ਅਜਿਹੇ ਵਿਚਾਰ ਮਾਤਾ-ਪਿਤਾ ਹੀ ਪ੍ਰਾਈਵੇਟ ਸਕੂਲਾਂ ਨੂੰ ਦਿੰਦੇ ਹਨ ਅਤੇ ਉਹਨਾਂ ਨੂੰ ਮਾਤਾ-ਪਿਤਾ ਦੀ ਗੱਲ ਵਿੱਚ ਹਾਮੀ ਭਰਨੀ ਪੈਂਦੀ ਹੈ।

ਉੱਤਰ (iii) ਪ੍ਰਿੰਸੀਪਲ ਤੋਂ ਬਾਅਦ ਵਕੀਲ ਮੰਮੀ-ਪਾਪਾ ਨੂੰ ਬੁਲਾਉਂਦਾ ਹੈ। ਉਹਨਾਂ ਤੋਂ ਪੁੱਛਿਆ ਜਾਂਦਾ ਹੈ ਕਿ ਤੁਸੀਂ ਆਪਣੇ ਬੱਚਿਆਂ ਵਾਸਤੇ ਕੀ ਸੋਚਦੇ ਹੋ? ਉਹਨਾਂ ਨੂੰ ਕੀ ਕਰਨਾ ਚਾਹੀਦਾ ਹੈ। ਤਾਂ ਉਹ ਜੁਆਬ ਵਿੱਚ ਕਹਿੰਦੇ ਹਨ ਕਿ ਪੜ੍ਹ ਲਿਖ ਕੇ ਕੁਝ ਬਣ ਜਾਣਗੇ। ਕੁਝ ਬਣਨ ਲਈ ਮਿਹਨਤ ਤਾਂ ਕਰਨੀ ਪੈਂਦੀ ਹੈ।

ਉੱਤਰ (iv) ਬੱਚਿਆਂ ਦੇ ਮਾਤਾ-ਪਿਤਾ ਉਹਨਾਂ ਤੇ ਦਬਾਅ ਪਾਉਂਦੇ ਹਨ। ਪੜ੍ਹਾਈ ਜਬਰਦਸਤੀ ਨਹੀਂ ਹੋ ਸਕਦੀ, ਉਸਦਾ ਨਤੀਜਾ ਵਧੇਰੇ ਚੰਗਾ ਨਹੀਂ ਹੁੰਦਾ। ਪੜ੍ਹਾਈ ਅਤੇ ਖੇਡਾਂ ਵਿੱਚ ਬਰਾਬਰ ਸੰਤੁਲਨ ਹੋਣਾ ਜ਼ਰੂਰੀ ਹੈ। ਉਹਨਾਂ ਦੇ ਮਾਨਸਿਕ ਵਿਕਾਸ ਦੇ ਨਾਲ-ਨਾਲ ਸ਼ਰੀਰਕ ਵਿਕਾਸ ਹੋਣਾ ਜ਼ਰੂਰੀ ਹੈ। ਜੇ ਬੱਚੇ ਆਪਣੀ ਮਰਜ਼ੀ ਨਾਲ ਪੜ੍ਹਨ ਅਤੇ ਖੇਡਣਗੇ ਤਾਂ ਜ਼ਿੰਦਗੀ ਵਿੱਚ ਸਫਲਤਾ ਜ਼ਰੂਰ ਪਾਉਣਗੇ। ਸੋ ਇਹਨਾਂ ਫੁੱਲਾਂ ਵਰਗੇ ਬੱਚਿਆਂ ਨੂੰ ਮੁਰਝਾਉਣ ਨਾ ਦਿਓ।